**ਦਫਤਰ ਡਾਇਰੈਕੋਰੇਟ ਆਫ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ. ਨਗਰ।**

**ਚੌਥੀ ਮੰਜਿਲ, ਪੰ.ਸ.ਸਿ.ਬੋ. ਕੰਪ. ਫੇਜ਼-8, ਮੋਹਾਲੀ**

**(ਕੋਆਰਡੀਨੇਸ਼ਨਸ਼ਾਖਾ)**

**dpise.coordination@punjabeducation.gov.in**

---

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿ/ਐਸਿ), ਪੰਜਾਬ
(ਵੈਬਸਾਈਟ ਰਾਹੀਂ)

ਪੱਤਰ ਨੰ. 1135490/DPISE/60/2026-Cord/2026150472
ਮਿਤੀ 01/06/2026

**ਵਿਸ਼ਾ:-** **ਵਿੱਤੀ ਸਾਲ 2026-27 ਦੌਰਾਨ ਪ੍ਰੀ-ਪੇਡ ਸਮਾਰਟ ਮੀਟਰ ਬਿਜਲੀ ਬਿੱਲਾ ਦੀ ਅਦਾਇਗੀ ਸਬੰਧੀ।**

**ਹਵਾਲਾ-** **ਵਿੱਤ ਵਿਭਾਗ ਦੇ ਪੱਤਰ ਨੰ ਅੰ.ਵਿ.ਪੱ.ਨੰ.FD-FE-40BDGT/65/2026-2FE4/99 ਮਿਤੀ 19.05.2026**

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

**ਨੱਥੀ:** ਉਕਤ ਅਨੁਸਾਰ

(signature) 01/06/26

**ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)**

**ਪਿੰ.ਅੰ.ਨੰ. ਉਕਤ/2026/** 150473 **ਮਿਤੀ** 01/06/2026

**ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਸਮੂਹ ਅਧਿਕਾਰੀ/ ਸ਼ਾਖਾ ਮੁੱਖੀ, ਦ. ਡੀ.ਜੀ.ਐਸ.ਈ. ਪੰਜਾਬ।
2. ਸਮੂਹ ਅਧਿਕਾਰੀ/ ਸ਼ਾਖਾ ਮੁੱਖੀ, ਦ. ਡੀ.ਐਸ.ਈ.(ਸੈ/ਐ) ਪੰਜਾਬ।
3. ਸਮੂਹ ਅਧਿਕਾਰੀ/ ਸ਼ਾਖਾ ਮੁੱਖੀ, ਦ. ਐਸ.ਸੀ.ਈ.ਆਰ.ਟੀ. ਪੰਜਾਬ।

(signature) 01/06/26

**ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)**

FD-FE40BDGT/65/2026-2FE4/ 18

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਖਰਚਾ-4 ਸ਼ਾਖਾ)

19-05-2026

ਸੇਵਾ ਵਿਖੇ,

1. ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮੀਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
2. ਸਮੂਹ ਵਿਭਾਗਾਂ ਦੇ ਮੁੱਖੀ;
3. ਸਮੂਹ ਡਿਵੀਜ਼ਨਾਂ ਦੇ ਕਮਿਸ਼ਨਰ;
4. ਸਮੂਹ ਡਿਪਟੀ ਕਮਿਸ਼ਨਰ ਅਤੇ ਜਿਲ੍ਹਾਂ ਅਤੇ ਸੈਸ਼ਨ ਜੱਜ;
5. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
6. ਸਕੱਤਰ, ਪੰਜਾਬ ਵਿਧਾਨ ਸਭਾ।

ਵਿਸ਼ਾ:- ਵਿੱਤੀ ਸਾਲ 2026-27 ਦੌਰਾਨ ਪ੍ਰੀ-ਪੇਡ ਸਮਾਰਟ ਮੀਟਰ ਬਿਜਲੀ ਬਿੱਲਾਂ ਦੀ ਅਦਾਇਗੀ ਸਬੰਧੀ।

*****

ਉਪਰੋਕਤ ਵਿਸੇ ਦੇ ਹਵਾਲੇ ਵਿਚ ਮੈਨੂੰ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਸਰਕਾਰੀ ਵਿਭਾਗਾਂ/ਅਦਾਰਿਆਂ ਵਿੱਚ ਪ੍ਰੀ-ਪੇਡ ਸਮਾਰਟ ਮੀਟਰਾਂ ਦੇ ਬਿਲਾਂ ਦੀ ਅਦਾਇਗੀ ਸਬੰਧੀ ਆ ਰਹੀਆਂ ਮੁਸਕਿਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਜਿੰਨਾਂ ਸਰਕਾਰੀ ਅਦਾਰਿਆਂ ਵਿਚ ਪ੍ਰੀ-ਪੇਡ ਸਮਾਰਟ ਮੀਟਰ ਲੱਗੇ ਹਨ ਅਤੇ ਬਿਜਲੀ ਦੇ ਬਿਲਾਂ ਦੀ ਅਦਾਇਗੀ ਸਰਕਾਰੀ ਖਜਾਨੇ ਵਿਚੋਂ ਕੀਤੀ ਜਾਂਦੀ ਹੈ, ਉਨ੍ਹਾ ਸਰਕਾਰੀ ਵਿਭਾਗਾਂ/ਅਦਾਰਿਆਂ ਨੂੰ ਪਿਛਲੇ ਸਾਲ ਦੇ ਬਿਜਲੀ ਦੇ ਬਿਲਾਂ ਦੇ ਖਰਚੇ ਨੂੰ ਅਧਾਰ ਮੰਨਦੇ ਹੋਏ ਵਿੱਤੀ ਸਾਲ 2026-27 ਲਈ ਐਡਵਾਂਸ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

2. ਉਪਰੋਕਤ ਪੈਰਾ ਨੰਬਰ 1 ਵਿਚ ਦਰਸਾਈ ਪ੍ਰਵਾਨਗੀ ਸਬੰਧੀ ਡਾਇਰੈਕਟਰ, ਲੇਖਾ ਤੇ ਖਜਾਨਾ ਪੰਜਾਬ; ਚੰਡੀਗੜ੍ਹ ਵੱਲੋਂ ਪ੍ਰਾਪਤ ਹੇਠ ਅਨੁਸਾਰ ਸਰਤਾਂ ਦੀ ਵੀ ਪਾਲਣਾ ਕੀਤੀ ਜਾਵੇ:-

(i) ਹਰੇਕ ਡੀ.ਡੀ.ਓ. ਵੱਲੋਂ ਆਪਣੇ ਦਫਤਰ ਦੀ ਔਸਤਨ ਮਹੀਨਾਵਾਰ ਖਪਤ ਅਨੁਸਾਰ ਖਰਚ ਸਰਟੀਫਿਕੇਟ PSPCL ਤੋਂ ਪ੍ਰਾਪਤ ਕੀਤਾ ਜਾਵੇਗਾ।

(ii) ਉਪਰੋਕਤ ਖਰਚ ਦੇ ਬਰਾਬਰ (ਇੱਕ ਮਹੀਨੇ ਲਈ) ਖਜ਼ਾਨੇ ਤੋਂ ਰਾਸ਼ੀ ਡਰਾਅ ਕਰਵਾਉਣ ਲਈ

ਸਮਰੱਥ ਅਥਾਰਟੀ ਰਾਹੀਂ ਵਿੱਤੀ ਸੈਂਕਸ਼ਨ ਜਾਰੀ ਕਰਵਾਈ ਜਾਵੇਗੀ।

(iii) ਉਪਰੋਕਤ ਦਸਤਾਵੇਜ਼ਾਂ ਦੇ ਨਾਲ, ਵਿੱਤ ਵਿਭਾਗ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਡੀ.ਡੀ.ਓ. ਵੱਲੋਂ ਬਿਜਲੀ ਦਾ ਆਨ-ਲਾਈਨ ਬਿਲ IFMS ਰਾਹੀਂ ਅਤੇ ਹਾਰਡ ਕਾਪੀ ਦੇ ਰੂਪ ਵਿੱਚ ਖਜ਼ਾਨਾ ਦਫਤਰ ਵਿਖੇ ਸਬਮਿਟ ਕਰਵਾਇਆ ਜਾਵੇਗਾ ਅਤੇ ਬਿਲ ਦੀ ਰਾਸ਼ੀ ਸਿੱਧੇ ਤੌਰ ਤੇ PSPCL ਨੂੰ ਟਰਾਂਸਫਰ ਕਰਵਾਈ ਜਾਵੇਗੀ।

ਸੁਪਰਡੰਟ

ਇਸ ਦਾ ਇੱਕ ਉਤਾਰਾ ਸਕੱਤਰ ਪੰਜਾਬ ਸਰਕਾਰ, ਪਾਵਰ ਵਿਭਾਗ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ PSPCL ਦੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਕਿ ਉਪਰੋਕਤ ਦੇ ਸਬੰਧ ਵਿੱਚ ਵਿਭਾਗਾਂ/ਅਦਾਰਿਆਂ ਨੂੰ ਲੋੜੀਂਦੇ ਸਰਟੀਫਿਕੇਟ ਤੁਰੰਤ ਜਾਰੀ ਕਰਨ ਤਾਂ ਜੋ ਵਿਭਾਗਾ/ਅਦਾਰਿਆਂ ਨੂੰ ਕਿਸੇ ਕਿਸਮ ਦੀ ਔਕੜ ਪੇਸ਼ ਨਾ ਆਵੇ।

ਸੁਪਰਡੰਟ

ਸੇਵਾ ਵਿਖੇ,

ਸਕੱਤਰ ਪੰਜਾਬ ਸਰਕਾਰ,
ਪਾਵਰ ਵਿਭਾਗ।

ਅੰ.ਵਿ.ਪੱ.ਨੰ. FD-FE-40BDGT/65/2026-2FE4/੧੧ ਮਿਤੀ, ਚੰਡੀਗੜ੍ਹ:- 19-05-2026

ਪਿੱ.ਅੰ.ਨੰ. FD-FE-40BDGT/65/2026-2FE4/੧੦੦ ਮਿਤੀ, ਚੰਡੀਗੜ੍ਹ:- 19-05-2026

ਇੱਕ ਉਤਾਰਾ ਹੇਠ ਲਿਖਿਆਂ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਖਜਾਨਾ ਤੇ ਲੇਖਾ, ਪੰਜਾਬ, ਚੰਡੀਗੜ੍ਹ:
2. ਸਮੂਹ ਜਿਲਾ ਖਜਾਨਾ ਅਫਸਰ, ਪੰਜਾਬ, ਚੰਡੀਗੜ੍ਹ।

ਸੁਪਰਡੰਟ